# ਡਾਇਰੈਕਟਰ ਜਨਰਲ ਸਕੂਲ ਸਿੱਖਿਆ,ਪੰਜਾਬ

ਪੰਜਾਬ ਸਿੱਖਿਆ ਭਵਨ (ਪੀ.ਐਸ.ਈ.ਬੀ.) ਈ ਬਲਾਕ, ਪੰਜਵੀਂ ਮੰਜਿਲ,
ਫੇਜ਼-8, ਸਾਹਿਬਜ਼ਾਦਾ ਅਜੀਤ ਸਿੰਘ ਨਗਰ (ਮੋਹਾਲੀ) ਪੰਜਾਬ
ਫੋਨ ਨੰ.0172-5212307, 2210019 ਫੈਕਸ ਨੰ. 0172-5212369

ਵੱਲ

ਜਿਲ੍ਹਾ ਸਿੱਖਿਆ ਅਫ਼ਸਰ (ਸੈ.ਸਿ./ਐ.ਸਿ.),
ਸਮੂਹ ਸਕੂਲ ਮੁੱਖੀ (ਵੈਬ-ਸਾਈਟ ਤੇ)

ਮੀਮੋਂ ਨੰ.ਐਮ.ਡੀ.ਐਮ.ਐਸ./ਜੀ.ਐਮ./2018/5226
ਮਿਤੀ 28 /03/2018

ਵਿਸ਼ਾ:- ਮਿਡ-ਡੇ-ਮੀਲ ਸਬੰਧੀ ਰਿਕਾਰਡ ਤਿਆਰ ਕਰਨ ਹਿੱਤ ਮੋਬਾਇਲ ਐਪ ਨੂੰ ਲਾਗੂ ਕਰਨ ਸਬੰਧੀ।

1.0 ਉਪਰੋਕਤ ਵਿਸ਼ੇ ਸਬੰਧੀ ਅਧਿਆਪਕਾ ਦਾ ਸਕੂਲਾਂ ਵਿੱਚ ਲਿਖਤੀ ਕੰਮ-ਕਾਜ ਘਟਾਉਣ ਹਿੱਤ ਮਿਡ-ਡੇ-ਮੀਲ ਸਕੀਮ ਅਧੀਨ ਇੱਕ ਮੋਬਾਇਲ ਐਪ ਤਿਆਰ ਕੀਤਾ ਗਿਆ ਹੈ, ਜਿਸ ਅਨੁਸਾਰ ਮਿਡ-ਡੇ-ਮੀਲ ਨਾਲ ਸਬੰਧਤ ਸਮੂਹ ਜਾਣਕਾਰੀ ਇਸ ਐਪ ਤੇ ਅਪਲੋਡ ਕੀਤੀ ਜਾਂਦੀ ਹੈ। ਇਸ ਐਪ ਨਾਲ ਨਾ ਕੇਵਲ ਅਧਿਆਪਕਾਂ ਦਾ ਮਿਡ-ਡੇ-ਮੀਲ ਦਾ ਰਿਕਾਰਡ ਮੇਨਟੇਨ ਕਰਨ ਸਮੇਂ ਜਿੱਥੇ ਵੱਡਮੁੱਲਾ ਸਮਾਂ ਬਚੇਗਾ ਉੱਥੇ ਰੋਜਾਨਾ ਮਿਡ-ਡੇ-ਮੀਲ ਨਾਲ ਸਬੰਧਤ ਜਾਣਕਾਰੀ ਮੁੱਖ ਦਫ਼ਤਰ ਵਿਖੇ ਉਪਲੱਬਧ ਹੋ ਜਾਵੇਗੀ।

2.0 ਆਪ ਨੂੰ ਦੱਸਿਆ ਜਾਂਦਾ ਹੈ ਕਿ ਇਸ ਐਪ ਵਿੱਚ ਆ ਰਹੀਆਂ ਤਰੁੱਟੀਆਂ ਨੂੰ ਦੂਰ ਕਰ ਲਿਆ ਗਿਆ ਹੈ। ਇਸ ਲਈ ਮਿਡ-ਡੇ-ਮੀਲ ਨਾਲ ਸਬੰਧਤ ਜਾਣਕਾਰੀ ਸਮੂਹ ਸਕੂਲ ਮੁੱਖੀਆਂ ਵੱਲੋਂ ਐਪ ਤੇ ਰੋਜਾਨਾ ਭੇਜਣੀ ਯਕੀਨੀ ਬਣਾਈ ਜਾਵੇ।

3.0 ਮਿਡ-ਡੇ-ਮੀਲ ਮੋਬਾਇਲ ਐਪ ਦੀ ਵਰਤੋਂ ਸਬੰਧੀ ਦਿਸ਼ਾ ਨਿਰਦੇਸ਼ ਨਾਲ ਨੱਥੀ ਕੀਤੇ ਜਾਂਦੇ ਹਨ।

ਨੱਥੀ:-ਉਪਰੋਕਤ ਅਨੁਸਾਰ

ਡਾਇਰੈਕਟਰ ਜਨਰਲ ਸਕੂਲ ਸਿੱਖਿਆ,ਪੰਜਾਬ
ਮਤ

ਪਿੱ.ਅੰ.ਨੰ ਐਮ.ਡੀ.ਐਮ.ਐਸ./ਜੀ.ਐਮ./2018/5227 ਮਿਤੀ 28 /03/2018

ਉਪਰੋਕਤ ਦਾ ਉਤਾਰਾ ਹੇਠ ਲਿਖਿਆਂ ਨੂੰ ਯੋਗ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ:-

1) ਸਮੂਹ ਉੱਪ-ਜਿਲ੍ਹਾ ਸਿੱਖਿਆ ਅਫਸਰ (ਐ.ਸਿ.), ਪੰਜਾਬ।
2) ਲੇਖਾਕਾਰ, ਮਿਡ-ਡੇ-ਮੀਲ, ਪੰਜਾਬ,
3) ਸਮੂਹ ਸਹਾਇਕ ਬਲਾਕ ਮੈਨੇਜਰ, ਮਿਡ-ਡੇ-ਮੀਲ, ਪੰਜਾਬ।

ਡਿਪਟੀ ਸਟੇਟ ਪ੍ਰੋਜੈਕਟ ਡਾਇਰੈਕਟਰ
ਮਤ

## ਮਿਡ-ਡੇ-ਮੀਲ ਮੋਬਾਇਲ ਐਪ ਦੀ ਵਰਤੋਂ ਸਬੰਧੀ ਦਿਸ਼ਾਨਿਰਦੇਸ਼

ਸਿੱਖਿਆ ਵਿਭਾਗ ਵਲੋਂ ਮਿਡ-ਡੇ-ਮੀਲ ਅਧੀਨ ਸਕੂਲ ਪੱਧਰ ਉੱਤੇ ਮਨਟੇਨ ਕੀਤੇ ਜਾ ਰਹੇ ਵੱਖ-ਵੱਖ ਰਜਿਸਟਰਾਂ ਦੇ ਕੰਮ ਨੂੰ ਘਟਾਉਣ ਲਈ ਇਕ ਮੋਬਾਇਲ ਐਪ ਬਣਾਈ ਗਈ ਹੈ। ਇਸ ਐਪ ਦੀ ਵਰਤੋਂ ਹਰ ਸਕੂਲ ਮੋਬਾਇਲ (Android) ਰਾਹੀਂ ਕਰ ਸਕਦਾ ਹੈ। ਹਰ ਸਕੂਲ ਨੂੰ ਸਿੱਖਿਆ ਵਿਭਾਗ ਦੇ ਪੋਰਟਲ ਈਪੰਜਾਬਸਕੂਲ ਉੱਤੇ ਰਜਿਸਟਰ ਕਰਕੇ ਇੱਕ ਲਾਗਇਨ ਅਤੇ ਪਾਸਵਰਡ ਪਹਿਲਾਂ ਹੀ ਮੁਹਈਆ ਕਰਵਾਇਆ ਗਿਆ ਹੈ। ਇਸ ਲਾਗਇਨ ਅਤੇ ਪਾਸਵਰਡ ਦੀ ਮਦਦ ਨਾਲ ਮੋਬਾਇਲ ਐਪ ਤੋਂ ਰੋਜਾਨਾ ਮਿਡ-ਡੇ-ਮੀਲ ਦੀ ਰਿਪੋਰਟ ਭੇਜੀ ਜਾ ਸਕਦੀ ਹੈ।

### ਮੋਬਾਇਲ ਐਪ (Android) ਨੂੰ ਡਾਊਨਲੋਡ ਕਰਨ ਦਾ ਤਰੀਕਾ

ਮੋਬਾਇਲ ਐਪ ਨੂੰ Google PlayStore ਤੋਂ ਡਾਊਨਲੋਡ ਕੀਤਾ ਜਾ ਸਕਦਾ ਹੈ। ਇਸ ਐਪ ਨੂੰ PlayStore ਉੱਤੇ ePunjab School Login ਦੇ ਨਾਮ ਨਾਲ ਲੱਭਿਆ ਜਾ ਸਕਦਾ ਹੈ।

### ਮੋਬਾਇਲ ਐਪ ਦੇ ਵੱਖ-ਵੱਖ ਰਜਿਸਟਰਾਂ ਬਾਰੇ ਜਾਣਕਾਰੀ

ਮੋਬਾਇਲ ਐਪ ਦੇ ਰਜਿਸਟਰਾਂ ਦੀ ਵਰਤੋਂ ਪਹਿਲਾਂ ਸਕੂਲ ਨੂੰ ਐਪ ਵਿਚ ਇਹ ਦਸਣਾ ਲਾਜਮੀ ਹੈ ਕਿ ਕੀ "ਮਿਡ-ਡੇ-ਮੀਲ ਸਕੂਲ ਵਿਚ ਬਣਦਾ ਹੈ" ਜਾਂ "ਮਿਡ-ਡੇ-ਮੀਲ ਕਿਸੇ ਸੰਸਥਾ ਵਲੋਂ ਮੁਹਈਆ ਕਰਵਾਇਆ ਜਾਂਦਾ ਹੈ"। ਇਸ ਚੋਣ ਦੇ ਆਧਾਰ ਉੱਤੇ ਹੀ ਮੋਬਾਇਲ ਐਪ ਵਿਚ ਮਡਿਊਲ ਦਿਖਾਏ ਜਾਣਗੇ। ਐਪ ਦੇ ਵੱਖ-ਵੱਖ ਮਡਿਊਲ ਦੀ ਜਾਣਕਾਰੀ ਹੇਠ ਲਿਖੇ ਅਨੁਸਾਰ ਹੈ :-

- **Add Stock :** ਸਭ ਤੋਂ ਪਹਿਲਾਂ ਜਿਸ ਦਿਨ ਤੁਸੀਂ ਐਪ ਸ਼ੁਰੂ ਕਰਨ ਲੱਗੇ ਹੋ ਉਸ ਦਿਨ ਦਾ ਸਕੂਲ ਦਾ ਸਟਾਕ (ਕਣਕ ਅਤੇ ਚਾਵਲ) ਇਸ ਵਿਚ ਦਰਜ ਕੀਤਾ ਜਾਵੇ। ਇਹ ਐਂਟਰੀ ਪਹਿਲੇ ਦਿਨ ਅਤੇ ਉਸ ਤੋਂ ਬਾਅਦ ਜਦੋਂ ਸਕੂਲ ਨੂੰ ਕਣਕ ਜਾਂ ਚਾਵਲ ਦਾ ਸਟਾਕ ਪ੍ਰਾਪਤ ਹੁੰਦਾ ਹੈ ਉਸ ਦਿਨ ਕਰਨੀ ਹੈ। ਰੋਜਾਨਾ ਇਹ ਐਂਟਰੀ ਨਹੀਂ ਕੀਤੀ ਜਾਵੇਗੀ।
- **Submit Daily MDM Report :** ਇਸ ਮਡਿਊਲ ਦੀ ਮਦਦ ਨਾਲ ਰੋਜਾਨਾ ਸਕੂਲ ਵਿਚ ਵਿਦਿਆਰਥੀਆਂ ਦੀ ਹਾਜਰੀ, ਕਿੰਨੇ ਵਿਦਿਆਰਥੀਆਂ ਨੇ ਮਿਡ-ਡੇ-ਮੀਲ ਖਾਦਾ ਅਤੇ ਕਣਕ, ਚਾਵਲ ਜਾਂ ਮਿਕਸ ਖਾਣੇ ਬਾਰੇ ਜਾਣਕਾਰੀ ਦਿੱਤੀ ਜਾਵੇਗੀ। ਇਹ ਰਿਪੋਰਟ ਰੋਜਾਨਾ ਭੇਜੀ ਜਾਣੀ ਹੈ।
- **Expenditure Register :** ਇਸ ਮਡਿਊਲ ਦੀ ਮਦਦ ਨਾਲ ਜਦੋ ਵੀ ਕੋਈ ਖਰਚਾ ਕੀਤਾ ਜਾਂਦਾ ਹੈ ਤਾਂ ਉਸ ਦੀ ਐਂਟਰੀ ਇਸ ਰਜਿਸਟਰ ਵਿਚ ਕੀਤੀ ਜਾਵੇਗੀ। ਇਸ ਮਡਿਊਲ ਵਿਚ ਸਿਰਫ Cook ਦਾ

honorarium ਹੀ ਦਰਜ ਕੀਤਾ ਜਾਵੇਗਾ। Cooking Cost ਆਦਿ ਸਿਸਟਮ ਵਲੋਂ ਰੋਜਾਨਾ ਭੇਜੀ ਜਾ ਰਹੀ ਰਿਪੋਰਟ ਦੇ ਆਧਾਰ ਤੇ ਆਪਣੇ ਆਪ calculate ਕਰ ਲਈ ਜਾਵੇਗੀ।

- **Income Register :** ਇਸ ਆਨਲਾਈਨ ਰਜਿਸਟਰ ਵਿਚ ਵੱਖ-ਵੱਖ ਤਰ੍ਹਾ ਦੀ ਮਿਡ-ਡੇ-ਮੀਲ ਸਬੰਧੀ ਆਮਦਨ ਦੀ ਐਂਟਰੀ ਕੀਤੀ ਜਾਵੇਗੀ।
- **View Daily MDM Report :** ਇਹ ਰਿਪੋਰਟ ਇਹ ਦਰਸਾਏਗੀ ਕਿ ਕਿਸ ਦਿਨ ਕਿੰਨੇ ਵਿਦਿਆਰਥੀ ਹਾਜਰ ਸਨ, ਕਿੰਨੇ ਵਿਦਿਆਰਥੀਆਂ ਨੇ ਖਾਣਾ ਖਾਦਾ ਅਤੇ ਕਿਸ ਤਰ੍ਹਾ ਦਾ ਖਾਣਾ (Rice, Wheat or Mix) ਬਣਿਆ।
- **View Stock in Hand** : ਇਹ ਰਿਪੋਰਟ ਇਹ ਦਰਸਾਏਗੀ ਕਿ ਕਿਸ ਦਿਨ ਸਕੂਲ ਕੋਲ ਕਿੰਨਾ ਸਟਾਕ ਉਪਲਬਧ ਸੀ ਅਤੇ ਕਿੰਨੇ ਵਿਦਿਆਰਥੀਆਂ ਨੇ ਕਿਸ ਦਿਨ ਕਿੰਨੀ ਮਾਤਰਾ ਵਿਚ ਖਾਣਾ ਖਾਦਾ।
- **View Expenditure Report :** ਇਸ ਰਿਪੋਰਟਲ ਵਿਚ ਉਹ ਸਾਰੇ ਖਰਚੇ ਜੋ ਸਕੂਲ ਵਲੋਂ Expenditure Register ਵਿਚ ਦਰਜ ਕੀਤੇ ਗਏ ਹਨ ਅਤੇ ਸਿਸਟਮ ਵਲੋਂ ਕੈਲਕੁਲੇਟ ਕੀਤੀ ਗਈ Cooking Cost ਦਿਖਾਈ ਜਾਵੇਗੀ।
- **Income Report :** ਸਕੂਲ ਵਲੋਂ Income Register ਵਿਚ ਦਰਜ ਕੀਤੀਆਂ ਐਂਟਰੀਆਂ ਦੀ ਰਿਪੋਰਟ ਇਸ ਮਡਿਊਲ ਅਧੀਨ ਦੇਖੀ ਜਾ ਸਕਦੀ ਹੈ।

------------ X ---------------